# ਪੰਜਾਬ ਸਕੂਲ ਸਿੱਖਿਆ ਬੋਰਡ

# Punjab School Education Board

ਪਾਸਪੋਰਟ ਸਾਈਜ਼ ਫੋਟੋ
Passport Size photo

## ਜੂਨੀਅਰ ਆਡੀਟਰ ਦੀ ਭਰਤੀ
## Recruitment of Junior Auditor

(ਉਮੀਦਵਾਰ ਨੂੰ ਵੱਡੇ ਅੱਖਰਾਂ ਵਿੱਚ ਫਾਰਮ ਖੁਦ ਭਰਨਾ ਹੋਵੇਗਾ)
(The candidate has to fill the form himself in capital letters)

| (ਸਿਰਫ਼ ਦਫ਼ਤਰੀ ਵਰਤੋਂ ਲਈ)<br>(For Office Use Only) | |
|---|---|

| ਫੀਸ ਦੇ ਵੇਰਵੇ<br>Fee Details | ਫੀਸ ਦੀ ਰਕਮ<br>Fee Amount | | ਮਿਤੀ<br>Date | |
|---|---|---|---|---|
| ਰਸੀਦ ਨੰ:/ ਬੈਂਕ ਵੇਰਵੇ ਦੇ ਨਾਲ ਡੀਡੀ ਨੰ<br>Receipt No/ DD No with bank Detail | | | | |

ਸ਼੍ਰੇਣੀ: ਜਨਰਲ ਰਿਜ਼ਰਵ (ਜੇ ਰਾਖਵੀਂ ਜਾਤੀ ਦੇ ਵੇਰਵੇ)
Category: General ☐ Reserve ☐ ____________ (if Reserved Mention Caste)

| | | |
|---|---|---|
| 1. | ਉਮੀਦਵਾਰ ਦਾ ਨਾਂ<br>Name of the Candidate. | |
| 2. | ਪਿਤਾ ਦਾ ਨਾਂ<br>Father's Name | |
| 3. | ਮਾਤਾ ਦਾ ਨਾਂ<br>Mother's Name | |
| 4. | ਜਨਮ ਮਿਤੀ<br>Date of Birth | / / |
| | Date of Birth in Words<br>ਜਨਮ ਮਿਤੀ ਸ਼ਬਦਾਂ ਵਿੱਚ | |
| 5. | ਮੋਬਾਇਲ ਨੰ:<br>Mobile No. | |
| 6. | ਆਧਾਰ ਨੰ:<br>Aadhar No | |
| 7. | ਈਮੇਲ ਆਈ.ਡੀ.<br>Email Id | |
| 8. | ਕੌਮੀਅਤ<br>Nationality | |
| 9. | ਪੰਜਾਬ ਨਿਵਾਸ<br>Punjab Domicile | Yes ☐ No ☐ |
| 10. | ਪੱਕਾ/ ਪੱਤਰ ਵਿਹਾਰ ਲਈ ਪਤਾ<br>Address Permanent/ Correspondence | |
| 11. | ਵਿਦਿਅਕ ਯੋਗਤਾਵਾਂ<br>Education Qualifications | |

| ਪਾਸ ਕੀਤਾ ਇਮਤਿਹਾਨ<br>Passed Examination | ਬੋਰਡ/ ਯੂਨੀਵਰਸਿਟੀ<br>Name Board/ University | ਪਾਸ ਕੀਤਾ ਸਾਲ<br>Passing Year | ਕੁੱਲ ਅੰਕ<br>Total marks | ਪ੍ਰਾਪਤ ਅੰਕ<br>Marks Obtained | ਪ੍ਰਤੀਸ਼ਤ<br>Percentage | ਦਰਜਾ<br>Division |
|---|---|---|---|---|---|---|
| ਦਸਵੀਂ ਪੱਧਰ ਤੇ ਪਾਸ ਕੀਤੀ ਪੰਜਾਬੀ<br>Punjabi passed in Matriculation level | | | | | | |
| ਬੈਚਲਰ ਆਫ਼ ਕਾਮਰਸ<br>Bachelor of Commerce | | | | | | |
| ਮਾਸਟਰ ਆਫ਼ ਕਾਮਰਸ<br>Master of Commerce | | | | | | |

| | | | | | | |
|---|---|---|---|---|---|---|
| | **ਕੋਈ ਹੋਰ ਉੱਚ ਯੋਗਤਾ**<br>**Any Other Higher Qualification** | | | | | |

| | | | | | |
|---|---|---|---|---|---|
| **12.** | **ਕੰਪਿਊਟਰ ਯੋਗਤਾਵਾਂ**<br>**Computer Qualifications** | | | | |
| | ਕੋਰਸ ਦਾ ਨਾਂ<br>Name of the Course | ਸੰਸਥਾ ਦਾ ਨਾਂ<br>Name ofthe Institution | ਕੁੱਲ ਅੰਕ<br>Total Marks | ਪ੍ਰਾਪਤ ਅੰਕ<br>Marks Obtained | ਪ੍ਰਤੀਸ਼ਤ/ ਗ੍ਰੇਡ<br>Percentage/Grade |
| | | | | | |
| 13. | ਕੀ ਤੁਸੀਂ ਰਾਜ/ਕੇਂਦਰ ਸਰਕਾਰ ਦੇ ਕਰਮਚਾਰੀ ਹੋ? (ਹਾਂ ਜਾਂ ਨਹੀਂ)<br>Are you Employee of State/Centre Govt. (yes or no)<br>........................................................<br>ਜੇਕਰ ਹਾਂ ਤਾਂ ਉਮੀਦਵਾਰ ਨੂੰ ਸਰਟੀਫਿਕੇਟ ਦੀ ਪੜਤਾਲ ਦੇ ਸਮੇਂ ਇੱਕ **ਇਤਰਾਜ਼ਹੀਣਤਾ ਸਰਟੀਫੀਕੇਟ** ਪੇਸ਼ ਕਰਨਾ ਹੋਵੇਗਾ/ਨਹੀਂ ਤਾਂ ਉਸਦਾ ਅਧਿਕਾਰ ਖੋਹ ਲਿਆ ਜਾਵੇਗਾ।<br>If yes the candidate has to produce a No Objection Certificate at the time of certificate scrutiny / otherwise his/her right will be forfeited. | | | | |

**ਘੋਸ਼ਣਾ:-**

ਪ੍ਰਮਾਣਿਤ ਕੀਤਾ ਗਿਆ ਹੈ ਕਿ ਭਰੀ ਗਈ ਜਾਣਕਾਰੀ ਮੇਰੀ ਜਾਣਕਾਰੀ ਅਨੁਸਾਰ ਸਹੀ ਹੈ। ਮੇਰੇ ਖਿਲਾਫ ਕੋਈ ਅਪਰਾਧਿਕ/ਵਿਜੀਲੈਂਸ ਕੇਸ ਦਰਜ ਨਹੀਂ ਹੈ। ਜੇਕਰ ਉਪਰੋਕਤ ਕੋਈ ਵੀ ਜਾਣਕਾਰੀ ਕਿਸੇ ਵੀ ਪੜਾਅ ਤੇ ਗਲਤ ਪਾਈ ਜਾਂਦੀ ਹੈ, ਤਾਂ ਬੋਰਡ ਨੂੰ ਮੇਰੀ ਉਮੀਦਵਾਰੀ/ਲਾਭ ਰੱਦ ਕਰਨ ਦਾ ਪੂਰਾ ਅਧਿਕਾਰ ਹੈ ਅਤੇ ਮੈਂ ਕਾਨੂੰਨ ਅਨੁਸਾਰ ਅਗਲੀ ਸਜ਼ਾ ਲਈ ਜ਼ਿੰਮੇਵਾਰ ਹੋਵਾਂਗਾ।

**Declaration:-**

Certified that the filled information is true to the best of my knowledge. There is no criminal/vigilance case is registered against me. If any above said information found incorrect at any stage, the Board has every right to cancel my candidature/benefits and I shall be liable for further punishment as per the law.

ਸਵੈ-ਪ੍ਰਮਾਣਿਤ ਪਾਸਪੋਰਟ ਸਾਈਜ਼ ਫੋਟੋ

Self-attested Passport Size photo

ਉਮੀਦਵਾਰ ਦੇ ਦਸਤਖਤ
Signature of Candidate

ਨੋਟ: ਫਾਰਮ ਵਿੱਚ ਕਟਿੰਗ ਸਵੀਕਾਰ ਨਹੀਂ ਕੀਤੀ ਜਾਵੇਗੀ।
**Note: Cutting in the form will not be accepted.**

*(ਘਰ-ਘਰ ਰੋਜ਼ਗਾਰ)*

ਪੰਜਾਬ ਸਕੂਲ ਸਿੱਖਿਆ ਬੋਰਡ
ਫੇਜ਼-08 ਸੈਕਟਰ -62, ਐਸ.ਏ.ਐਸ.ਨਗਰ
www.pseb.ac.in

## ਜਨਤਕ ਨਿਯੁਕਤੀਆਂ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 02 ਜੂਨੀਅਰ ਆਡੀਟਰਾਂ ਦੀਆਂ ਅਸਾਮੀਆ ਦੀ ਭਰਤੀ ਲਈ ਯੋਗ ਉਮੀਦਵਾਰਾਂ ਤੋਂ ਮਿਤੀ 21.12.2021 ਤੋ 05.01.2022 ਤੱਕ ਐਪਲੀਕੇਸ਼ਨ ਫਾਰਮਾਂ ਦੀ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਿਰੀ ਵਾਈਜ਼ ਵੰਡ ਹੇਠ ਲਿਖੇ ਅਨੁਸਾਰ ਹੈ:

| **ਕੁੱਲ ਅਸਾਮੀਆਂ** | **ਜਨਰਲ** | **ਅਨੁਸੂਚਿਤ ਜਾਤੀ** |
|---|---|---|
| 02 | 01 | 01 |

**02) ਵਿੱਦਿਅਕ ਯੋਗਤਾਵਾਂ**:-

i) Should possess a degree in B.Com (Ist Division) or M.com (IInd division) from a recognised University/ Institution.

ii) Possesses at least one hundred and twenty hours course with hands on experience in the use of personal Computer or Information Technology in office productivity applications or Desktop Publishing applications from a Government Recognized institution or a reputed Institution. Which is ISO 9001, certified.

iii Should have passed punjabi language in Matriculation or its equilant examination.

**03) ਤਨਖਾਹ ਸਕੇਲ**:- ਸ਼ੁਰੂਆਤ 35400/+ਭੱਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ (As per 7th Pay CPC) ਪੰਜਾਬ ਸਰਕਾਰ, ਵਿੱਤ ਵਿਭਾਗ, ਵਿੱਤ ਪ੍ਰਸੋਨਲ-1 ਸ਼ਾਖਾ ਵੱਲੋਂ ਜਾਰੀ ਪੱਤਰ ਨੰ: 7/42/20205Fp1/741-746 ਮਿਤੀ 17-07-2020 ਅਨੁਸਾਰ (ਸ਼ੁਰੂਆਤੀ ਤਨਖਾਹ 35400/ ਰੁਪਏ ਤਿੰਨ (3) ਸਾਲ ਦੇ ਪਰਖ ਕਾਲ ਦੇ ਸਮੇਂ ਜਾਂ ਵਧਾਏ ਗਏ ਸਮੇਂ ਤੱਕ) ਅਦਾਇਗੀ ਕੀਤੀ ਜਾਵੇਗੀ।

**04) ਉਮਰ ਸੀਮਾ**:-

i. ਮਿਤੀ 01-01-2021 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।
ii. ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵਗੀ।
iii. ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਹੋਰ ਰਾਜਾਂ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।
iv. ਪੰਜਾਬ ਰਾਜ ਦੀਆਂ ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਤੱਕ ਹੋਵੇਗੀ।
v. ਪੰਜਾਬ ਦੇ ਵਸਨੀਕ ਦਿਵਿਆਂਗਾ ਦੀ ਉਮਰ ਦੀ ਉਪਰਲੀ ਉਮਰ ਸੀਮਾ ਵਿੱਚ 10 ਸਾਲ ਦੀ ਛੋਟ ਹੋਵੇਗੀ।

05) ਭਰਤੀ ਸਬੰਧੀ ਚੋਣ ਵਿਧੀ:-

Procedure of Selection :

All the candidates will have to appear in the following two written papers

**PAPER-I** (2 hrs)

| Sr.No | Subject | Questions | Total Marks |
|---|---|---|---|
| 1 | General Awareness | 10 Punjabi History&Culture<br>10 Constitution of India<br>10 General Knowledge<br>10 Current Affairs ( National & International ) | 40 |
| 2 | Mental Ability/ Reasoning & Arthmetic(Matric) | 20 | 20 |
| 3 | Computer Basics | 20 | 20 |
| 4 | Languages Proficiency (Vocabulary & Grammar) | 20 Punjabi<br>20 English | 40 |
| | Total | 120 | 120 |

**PAPER-II** (1hrs 30 Min.)

**Part A:**

| Sr. No | Subjects | Questions |
|---|---|---|
| 1 | Precis Writing (English) | 10 Marks |
| 2 | Precis Writing (Punjabi) | 10 Marks |
| 3 | Translation English to Punjabi | 10 Marks |
| 4 | Translation Punjabi to English | 10 Marks |
| | Total | 40 |

**Part B**: Finance and Accounts-(40 marks):

**1.0 Fundamental principles, basic concept of Accounting and Auditing:**

**1.01 Financial Accounting:** Nature and scope, Limitations of Financial Accounting, Basic concepts and Conventions, Generally Accepted Accounting Principles.

**1.02 Basic concepts of accounting:-** Single and double entry, Books of original Entry, Bank Reconciliation, Journal,ledgers, Trial Balance, Rectification of Errors, Manufacturing, Trading, Profit & loss Appropriation Accounts, Balance Sheet Distinction between Capital and Revenue Expenditure, Depreciation Accounting, Valuation of Inventories, Non-profit organisations Accounts, Receipts and Payments and Income & Expenditure Accounts, Bills of Exchange, Self Balancing Ledgers.

**1.03 Auditing:** Meaning, Objects and Importance Origin and Growth of Auditing – Growth of Auditing in India – Meaning of Auditing – Definition – Salient Features – Scope of Audit – Difference between book keeping, Accountancy, Auditing and Investigation – Objects of Audit – Primary Objects, Secondary Objects – Necessity of Auditing – Detection and Prevention of Fraud – Kinds of Fraud – Detection of Fraud – Detection of Errors – Kinds of Errors – How to Prevent Errors and Fraud. Need and Importance of Auditing – Advantages of Auditing to the Business and Owners – Limitation of Audit.

On the basis of merit of Paper-I, candidates equal to five times the number of posts advertised in each category, in order of merit will be shortlisted and only their Paper-II will be evaluated. On the basis of combined merit list of Paper I and paper II Final merit will be prepared.

i) The medium of written test of paper I will be in Punjabi and English.

ii) For every wrong answer $1/4^{th}$ marks will be deducted in Paper-I

iii) The question paper of Paper-I with the answer key will be placed on the website on next date of examination for inviting objection to answer if any.

iv) The objection to any answer can be filed by the candidates on the website itself on clicking the option of objection. It can be filed within three (3) days from the date of exam.

v) The merit list category wise and combined merit list would be put on the website

vi) List of selected candidates will be put on the Board's website.

vii) In each category candidates equivalent to three times the number of posts in each category will be called by the Superintendent-1(Establishment Branch) for verification of original documents within 15 days of declaration of result.

**06) ਬਿਨੈ ਪੱਤਰ ਪ੍ਰੋਸੈਸਿੰਗ ਫੀਸ**:-

i. ਜਨਰਲ ਅਤੇ ਹੋਰ ਕੈਟਾਗਿਰੀ ਉਮੀਦਵਾਰਾਂ ਲਈ :1000 ਰੁ: (ਨਾ ਮੁੜਨ ਯੋਗ)
ii. ਰਿਜਰਵ ਕੈਟਾਗਿਰੀ (ਐਸ.ਸੀ /ਐਸ.ਟੀ) :500 ਰੁ: (ਨਾ ਮੁੜਨ ਯੋਗ)

**ਨੋਟ**

(ੳ) ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਵਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ/ਸ੍ਰੇਣੀ ਨਾਲ ਉਹ ਸਬੰਧ ਰਖਦੇ ਹਨ।

(ਅ) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ /ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਨਾ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

**07) ਆਮ ਸ਼ਰਤਾਂ**:-

i. ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਦੀ ਉਹ ਇਸਤਰੀ ਉਮੀਦਵਾਰ ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਂਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ ਜਿਸ ਵਿੱਚ ਪਿਤਾ ਦਾ ਨਾਂ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਵਿੱਚ ਨਹੀਂ ਵਿਚਾਰੀ ਜਾਵੇਗੀ। ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਐਕਟ ,2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿੱਚ ਮਾਨਯੋਗ ਸੁਪਰੀਮ ਕੋਰਟ ਵਿਖੇ ਪੈਂਡਿੰਗ ਕੇਸ SLP (Civil) No 23507 of 2010 in CWP No 18290 of 2009 ਪੰਜਾਬ ਸਰਕਾਰ ਅਤੇ ਹੋਰ ਬਨਾਮ ਅਤੇ ਦਵਿੰਦਰ ਸਿੰਘ ਅਤੇ ਹੋਰ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਵੇਗੀ।
ii. ਉਮੀਦਵਾਰ ਨੇ 10ਵੀ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।
iii. ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ।
iv. ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਲਈ ਹੋਵੇਗਾ।
v. ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।
vi. Application ਫਾਰਮ ਭਰਨ ਸਮੇਂ ਕਿਸੇ ਵੀ ਤਰ੍ਹਾਂ ਦੀ ਕੀਤੀ ਗਈ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਬੋਰਡ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।
vii. ਉਹ ਉਮੀਦਵਾਰ ਜੋ ਪਹਿਲਾਂ ਹੀ ਰਾਜ / ਕੇਂਦਰ ਸਰਕਾਰ , ਸਰਕਾਰੀ ਜਨਤਕ ਅਦਾਰੇ ਦੇ ਕਰਮਚਾਰੀ ਹੋਣ ਉਹ ਆਪਣੇ ਬਿਨੈ ਪੱਤਰ ਯੋਗ ਪ੍ਰਨਾਲੀ ਰਾਹੀਂ ਭੇਜਣਗੇ। ਪ੍ਰੰਤੂ ਉਮੀਦਵਾਰਾਂ ਦੀ ਨਿਯੁਕਤੀ ਉਪਰੰਤ ਸ਼ੁਰੂਆਤੀ ਮਿਲਣਯੋਗ ਤਨਖਾਹ 35400/- ਰੁਪਏ (3 ਸਾਲ ਦੇ ਪਰਖਕਾਲ ਜਾਂ ਵਧਾਏ ਗਏ ਸਮੇਂ ਦੌਰਾਨ ) ਹੋਵੇਗੀ। ਉਮੀਦਵਾਰਾਂ ਨੂੰ ਪਿਛਲੀ ਰੈਗੂਲਰ ਸੇਵਾ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।
viii. ਭਰਤੀ ਲਈ ਸਬੰਧਤ ਐਪਲੀਕੇਸ਼ਨ ਫਾਰਮ ਉਮੀਦਵਾਰਾਂ ਨੂੰ ਬੋਰਡ ਦੀ ਵੈਬਸਾਈਟ (www.pseb.ac.in) ਤੋਂ ਡਾਉਨਲੋਡ ਕਰਨਾ ਹੋਵੇਗਾ। ਉਮੀਦਵਾਰਾਂ ਵੱਲੋਂ ਫਾਰਮ ਨੂੰ ਭਰ ਕੇ ਨਿਰਧਾਰਤ ਫੀਸ ਜਾਂ Bank Demand Draft (ਜੋਕਿ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਾਂ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਅਦਾਇਗੀ ਯੋਗ ਹੋਵੇ) ਸਹਿਤ ਮੁੱਖ ਦਫਤਰ ਜਾਂ ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਐਪਲੀਕੇਸ਼ਨ ਫਾਰਮ ਨਾਲ ਨਿਰਧਾਰਤ ਫੀਸ ਦੀ ਅਸਲ ਰਸੀਦ ਜਾਂ Bank Demand Draft ਨੱਥੀ ਕਰਨਾ ਲਾਜ਼ਮੀ ਹੈ। ਐਪਲੀਕੇਸ਼ਨ ਫਾਰਮ ਵਿੱਚ ਇੱਕ ਵਾਰ ਵੇਰਵਿਆਂ ਦਾ ਇੰਦਰਾਜ ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ

ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀ ਬੇਨਤੀ ਦਫਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

ix. ਉਮੀਦਵਾਰ ਵੱਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨ ਜਾਂ ਕੇਵਲ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

x. ਇਸ ਭਰਤੀ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

xi. ਉਮੀਦਵਾਰ ਵੱਲੋਂ ਜਿਸ ਕੈਟਾਗਿਰੀ ਵਿੱਚ ਅਪਲਾਈ ਕੀਤਾ ਗਿਆ ਹੈ ਕਿਸੇ ਵੀ ਹਾਲਾਤ ਵਿੱਚ ਉਸ ਕੈਟਾਗਿਰੀ ਵਿੱਚ ਕੋਈ ਤਬਦੀਲੀ ਨਹੀ ਕੀਤੀ ਜਾਵੇਗੀ ਅਤੇ ਨਾ ਹੀ ਇਸ ਸਬੰਧੀ ਕਿਸੇ ਪ੍ਰਤੀ ਬੇਨਤੀ ਤੇ ਕੋਈ ਵਿਚਾਰ ਕੀਤਾ ਜਾਵੇਗਾ।

xii. ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸ਼ਰਤਾ ਚੰਗੀ ਤਰ੍ਹਾਂ ਨਾਲ ਪੜਨ ਉਪਰੰਤ ਆਪ ਖੁਦ ਫਾਰਮ ਭਰਨ ਅਤੇ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Update ਦੀ ਜਾਣਕਾਰੀ ਲਈ ਬੋਰਡ ਦੀ ਵੈਬਸਾਇਟ www.pseb.ac.in ਤੇ ਸਮੇਂ-ਸਮੇਂ ਤੇ ਚੈੱਕ ਕਰਦੇ ਰਹਿਣ ਅਤੇ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ।

xiii. ਉਮੀਦਵਾਰਾਂ ਨੂੰ ਕੋਈ ਟੀ.ਏ / ਡੀ.ਏ ਨਹੀਂ ਦਿੱਤਾ ਜਾਵੇਗਾ।

xiv. ਫੀਸ ਅਧੂਰੀ / ਨਾ ਪ੍ਰਾਪਤ ਹੋਣ , ਫਾਰਮ ਵਿੱਚ ਗਲਤ ਸੂਚਨਾਂ ਦੇਣ ਵਿਦਿਅਕ ਯੋਗਤਾ ਜਾਂ ਉਮਰ ਆਦਿ ਸਬੰਧੀ ਸ਼ਰਤਾ ਪੂਰੀਆਂ ਨਾ ਕਰਨ ਕਾਰਨ ਉਮੀਦਵਾਰਾਂ ਨੂੰ ਅਯੋਗ ਠਹਿਰਾਈਆ ਜਾਵੇਗਾ। ਡਾਕ /ਕੋਰੀਅਰ ਰਾਹੀਂ ਕੋਈ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ।

xv. ਲਿਖਤੀ ਪ੍ਰੀਖਿਆ ਤੇ ਸਕਰੂਟਨੀ ਵਿੱਚ ਗੈਰ-ਹਾਜ਼ਰ ਰਹਿਣ ਵਾਲੇ ਉਮੀਦਵਾਰਾਂ ਦੀ ਪਾਤਰਤਾਂ ਰੱਦ ਸਮਝੀ ਜਾਵੇਗੀ।

xvi. ਉਮੀਦਵਾਰਾ ਦੇ ਵਿਦਿਅਕ ਯੋਗਤਾ ਸਬੰਧੀ ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ। ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਲੋੜੀਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ / ਚੈੱਕ ਕਰਾਉਣ ਉਪਰੰਤ ਮੰਨਣਯੋਗ ਹੋਣਗੇ। ਉਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਐਪਲੀਕੇਸ਼ਨ ਫਾਰਮ ਨਾਲ ਨਿਰਧਾਰਤ ਫੀਸ ਦੀ ਅਸਲ ਬੋਰਡ ਵੱਲੋਂ ਜਾਰੀ ਰਸੀਦ/Bank Demand Draft ਤੋਂ ਇਲਾਵਾ ਕਿਸੇ ਵੀ ਪ੍ਰਕਾਰ ਦਾ ਕਾਗਜ਼ ਨੱਥੀ ਨਾ ਕੀਤਾ ਜਾਵੇ।

xvii. ਭਰਤੀ ਸਬੰਧੀ ਸਮੁੱਚੇ ਅਖਤਿਆਰ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਰਾਖਵੇਂ ਹੋਣਗੇ।